# ਰੇਡੀਓ ਲਵੀਵਾਰ:ਜਲਵਾਯੂ ਬਦਲਾਅ – ਕਿਉਂ ਬਦਲ ਰਹੀ ਹੈਂ ਫਿਜ਼ਾਏਂ

## ਕੜੀ 51: ਚਰਚਾ – ਆਪਸੀ ਵਾਰਤਾਲਾਪ

**(Interactive Episode)**

ਪੰਜਾਬੀ ਰੁਪਾਂਤਰ, ਖੋਜ ਤੇ ਲੇਖਣ: ਭਾਰਤ ਗਿਆਨ ਵਿਗਿਆਨ ਸੰਮਤੀ, ਪੰਜਾਬ ਤੇ ਚੰਡੀਗੜ੍ਹ

(In this interactive episode, we have discussed the gist of the previous five episodes 46 to 50 episodes on climate change, in brief. Only two characters in the form of Male and Female narrator are discussing the issues taken up in each of the previous 5 episodes in order to discuss the major issues raised therein. There is an effort to make more clarifications on the various concepts involved in the phenomenon of climate change in our country, the impact of the increasing temperature on the change in weather and changed pattern of rain, cyclones , hot winds , leading to huge loss of crops and ensuing misery. The need for clean energy , use of solar energy in place of oil lamps and coal furnce for domestic lighting and heating has been the focus. The non conventional sources of energy like wind energy, solar energy, tidal energy, geo thermal energy , ocean heat energy, biomass energy and hydro power have been discussed so as to discontinue the use of fossil fuels. The rapid climate change due to the life style and needs created by the present development model and our preparation to combat the change have been discussed and the preparation of India in shifting to green energy are the focus. In order to reduce the impact of rapid temperature increase and the loss to the bio-life has been discussed and the need to develop crop varieties that can grow in water scaricity zones, in humid zones and the flood zones has been discussed so as to ensure food security in the changed conditions created by way of rising teprature and climate change have been discussed in brief. Questions have been raised and answers have been given in the form of reply through the dialogue between the duet. In the end, certain questions have been proposed, the answers to which are to be provided by the artists on the basis of expert advice/data or even by the experts appearing and talking to the audience).

(ਇਸ ਆਪਸੀ ਵਿਚਾਰ ਵਟਾਂਦਰਾ/ਚਰਚਾ ਦੀ ਕੜੀ ਵਿੱਚ ਅਸੀਂ ਜਲਵਾਯੂ ਪਰਿਵਰਤਨ ਨਾਲ ਸਬੰਧਤ ਪਿਛਲੀ ਚਰਚਾ ਤੋਂ ਬਾਅਦ ਦੀਆਂ ਪੰਜ ਕੜੀਆਂ, 46 ਤੋਂ 50 ਤੱਕ, ਵਿੱਚ ਉਠਾਏ ਗਏ ਮੁੱਦਿਆਂ ਦਾ ਅਤੇ ਦਿੱਤੇ ਗਏ ਸਮਾਧਾਨਾਂ ਦਾ ਤੱਤ-ਸਾਰ ਸੰਖੇਪ ਵਰਨਣ ਕੀਤਾ ਹੈ। ਇਹ ਕੜੀ ਕੇਵਲ ਦੋ ਪਾਤਰਾਂ, ਮਰਦ ਸੂਤਰਧਾਰ ਤੇ ਔਰਤ ਸੂਤਰਧਾਰ, ਵਿੱਚ ਹੋ

ਰਹੇ ਆਪਸੀ ਵਾਰਤਾਲਾਪ ਰਾਹੀਂ ਪੂਰਬਲੀਆਂ ਪੰਜ ਕੜੀਆਂ ਵਿੱਚ ਉਭਾਰੇ ਗਏ ਮੁਦਿਆਂ ‘ਤੇ ਚਰਚਾ ਹੈ। ਇਨ੍ਹਾਂ ਪੰਜ ਕੜੀਆਂ ਰਾਹੀਂ ਜਲਵਾਯੂ ਬਦਲਾਅ ਅਤੇ ਆਲਮੀ ਤਪਸ਼ (ਗਲੋਬਲ ਵਾਰਮਿੰਗ) ਦੇ ਵਰਤਾਰੇ ਦੇ ਸਬੰਧ ਵਿੱਚ ਪੇਸ਼ ਕੀਤੀਆਂ ਗਈਆਂ ਧਾਰਨਾਵਾਂ ਅਤੇ ਸੰਕਲਪਾਂ ਦੀ ਵਿਆਖਿਆ ਹੋਰ ਸਰਲ, ਸੰਖੇਪ ਤੇ ਸਪਸ਼ਟ ਕੀਤੀ ਗਈ ਹੈ।ਇਸ ਨਾਲ ਸਬੰਧਤ ਧਾਰਨਾਵਾਂ ਦੇ ਪਿੱਛੇ ਕੰਮ ਕਰਦੀ ਵਿਗਿਆਨ, ‘ਤੇ ਚਰਚਾ ਹੈ! ਇਨ੍ਹਾਂ ਕੜੀਆਂ ਰਾਹੀਂ ਕੇਂਦ੍ਰਤ ਕੀਤੇ ਬਿੰਦੂਆਂ, ਜਿਨ੍ਹਾਂ ਵਿੱਚ ਸ਼ਾਮਲ ਹਨ ਜਲਵਾਯੂ ਬਦਲਾਅ ਕਾਰਨ ਵਿਗੜਦੇ ਮੌਸਮ , ਉਸ ਕਾਰਨ ਵਰਖਾ , ਸੋਕੇ, ਤੁਫਾਨਾਂ ਤੇ ਹੜ੍ਹਾਂ ਦੇ ਬਦਲਦੇ ਮਿਜਾਜ ਕਾਰਨ ਹੁੰਦੇ ਨੁਕਸਾਨ ਤੇ ਖਰਾਬਿਆਂ ਤੋਂ ਬਚਾਅ ਬਾਬਤ ਚਰਚਾ ਹੈ ! ਇਸ ਦੇ ਨਾਲ ਹੀ ਸਾਡੀਆਂ ਊਰਜਾ ਲੋੜਾਂ , ਘਰੂ ਵਰਤੋਂ ਵਾਸਤੇ ਮਿੱਟੀ ਦੇ ਤੇਲ ਦੇ ਦੀਵਿਆਂ ਤੇ ਪੱਥਰ ਦੇ ਕੋਲੇ ਦੀਆਂ ਅੰਗੀਠੀਆਂ ਦਦਿ ਥਾਂ ਸੂਰਜੀ ਊਰਜਾ ਨਾਲ ਘਰਾਂ ਵਿੱਚ ਚਾਨਣ ਤੇ ਗਰਮੀ ਦਾ ਪ੍ਰਬੰਧ ਕਰਨ ਬਾਬਤ ਯਤਨਾਂ ਦਾ ਵਿਸਤਾਰ ਹੈ ! ਸਾਡੀਆਂ ਊਰਜਾ ਲੋੜਾਂ ਦਦਿ ਪੂਰਤੀ ਵਾਸਤੇ ਪਥਰਾਹਟੀ ਬਾਲਣਾ ਦਦਿ ਰਾਇਤੀ ਊਰਜਾ ਦਦਿ ਥਾਂ ਊਰਜਾ ਦੇ ਗੈਰ ਰਵਾਇਤੀ ਸ੍ਰੋਤਾਂ ਜਿਵੇਂ ਪੌਣ ਊਰਜਾ, ਪਣ ਊਰਜਾ, ਸੂਰਜੀ ਊਰਜਾ, ਭੂ ਗਰਭ ਤਾਪ ਊਰਜਾ , ਸਮੁੰਦਰੀ ਤਾਪ ਊਰਜਾ, ਖੇਤੀ ਦਦਿ ਰਹਿੰਦ -ਖੂੰਹਦ ਤੋਂ ਊਰਜਾ, ਜਵਾਰਭਾਟਾ ਊਰਜਾ ਆਦਿ ਬਾਬਤ ਚਰਚਾ ਕੀਤੀ ਹੈ । ਚਰਚਾ ਹੈ ਕਿ ਕਿਵੇਂ ਭਾਰਤ ਜਿਹੜਾ ਹਰਿਤ ਘਰ ਪ੍ਰਭਾਵ ਗੈਸਾਂ ਦੇ ਐਨੇ ਵੱਡੇ ਉਤਸਰਜਨ ਦਾ ਜਿੰਮੇਵਾਰ ਵੀ ਨਹੀਂ ਫਿਰ ਵੀ ਮਨੁੱਖੀ ਸੁਰੱਖਿਆ ਵਾਸਤੇ ਹਰਿਤ ਊਰਜਾ ਵੱਲ ਅਗਰਸਰ ਹੈ ।ਸਾਡੇ ਵਿਕਾਸ ਦੇ ਮੌਜੂਦਾ ਮਾਡਲ ਰਾਹੀਂ ਸਿਰਜੀ ਖਪਤਵਾਦੀ ਜੀਵਣਸ਼ੈਲੀ ਵਿੱਚ ਬਦਲਾਅ, ਬਦਲੇ ਜਲਵਾਯੂ ਵਿੱਚ ਆਪਣੇ ਬਚਾਓ ਵਾਸਤੇ ਤਿਆਰੀਆਂ , ਸਾਡੀ ਖੁਰਾਕ ਦਦਿ ਸੁਰੱਖਿਆ ‘ਤੇ ਪੈਂਦੇ ਪ੍ਰਭਾ ਤੋਂ ਬਚਾਅ ਵਾਸਤੇ ਨਵੀਆਂ ਵੰਨਗੀਆਂ ਤਿਆਰ ਕਰਨੀਆਂ ਜਿਹੜੀਆਂ ਸੋਕੇ , ਹੜ੍ਹਾਂ ਜਾਂ ਜਿਆਦਾ ਤਰ ਜਲਵਾਯੂ ਵਿੱਚ ਵੀ ਉਗਾਈਆਂ ਜਾ ਸਕਣ ਤੇ ਸਾਡੀਆਂ ਭੋਜਨ ਲੋੜਾਂ ਦਦਿ ਪੂਰਤੀ ਯਕੀਨੀ ਬਣ ਸਕੇ ਬਾਬਤ ਵਾਰਤਾਲਾਪ ਹੈ ! ਜਲਵਾਯੂ ਬਦਲਾਅ ਨਾਲ ਭਾਰਤ ਨੂੰ ਹੋਣ ਵਾਲੇ ਨੁਕਸਾਨ ਤੇ ਸਾਡੇ ਦੇਸ ਵੱਲੋਂ ਕੀਤੇ ਜਾ ਰਹੇ ਯਤਨਾਂ ‘ਤੇ ਚਾਨਣਾ ਪਾਇਆ ਹੈ ! ਇਸ ਮਾਮਲੇ ਦੇ ਮੁੱਢ ਦੇ ਪਿੱਛੇ ਕੰਮ ਕਰਦੇ ਵਿਗਿਆਨਿਕ ਨਿਯਮਾਂ ਅਤੇ ਕਰਤ ਬਿੰਦੂਆਂ ‘ਤੇ ਹੋਰ ਵਧੇਰੇ ਸਪਸ਼ਟੀਕਰਨ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਕਈ ਪ੍ਰਸ਼ਨ ਉਠਾਏ ਗਏ ਹਨ ਅਤੇ ਉਨ੍ਹਾਂ ਦੇ ਜਵਾਬ ਇਸ ਜੋੜੀ ਦੀ ਆਪਸੀ ਗੱਲ ਬਾਤ ਦੇ ਰਾਹੀਂ ਦਿੱਤੇ ਗਏ ਹਨ! ਅੰਤ ਵਿੱਚ ਕਈ ਹੋਰ ਪ੍ਰਸ਼ਨ ਤਜਵੀਜ਼ ਕੀਤੇ ਗਏ ਹਨ, ਜਿਨ੍ਹਾਂ ਦੇ ਉੱਤਰ ਮਾਹਰਾਂ ਦੀ ਰਾਏ ਅਨੁਸਾਰ ਸਾਡੇ ਕਲਾਕਾਰ ਦੇਣਗੇ ਜਾਂ ਫਿਰ ਮਾਹਰ ਵੀ ਖੁਦ ਪੇਸ਼ ਹੋ ਕੇ ਸ੍ਰੋਤਿਆਂ ਨਾਲ ਚਰਚਾ ਦੇ ਰੂਪ ਵਿੱਚ ਇਹ ਜਵਾਬ ਦੇਣਗੇ)।

ਪਾਤਰ

ਔਰਤ ਸੂਤਰਧਾਰ

ਮਰਦ ਸੂਤਰਧਾਰ

**ਸ਼ੁਰੂਆਤੀ ਐਲਾਨ**

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣਾਇਆ ਜਾਵੇਗਾ)

ਜਲਵਾਯੂ ਬਦਲਾਅ, ਕਿਉਂ ਬਦਲ ਰਹੀ ਹੈਂ ਫਿਜ਼ਾਏਂ ......

ਸੰਗੀਤ......

ਐਲਾਨ : ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, ਜਲਵਾਯੂ ਬਦਲਾਅ ਦੀ ਵਿਗਿਆਨ ਦੇ ਲੜੀਵਾਰ "ਕਿਉਂ ਬਦਲ ਰਹੀ ਹੈਂ ਫਿਜ਼ਾਏਂ" ਦੀ ਇਕੰਜਵੀਂ ਕੜੀ "ਚਰਚਾ - ਆਪਸੀ ਵਾਰਤਾਲਾਪ"।

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਮੁੜ ਸੁਣਾਇਆ ਜਾਵੇਗਾ)

ਔਰਤ ਸੂਤਰਧਾਰ: ਹਾਂ ਜੀ। ਪਿਆਰੇ ਸ੍ਰੋਤਿਓ ...ਸੁਆਗਤ ਹੈ ਜੀ ਤੁਹਾਡਾ ਸਭ ਦਾ ਅੱਜ ਦੇ "ਜਲਵਾਯੂ ਬਦਲਾਅ ਦੀ ਵਿਗਿਆਨ" ਦੇ ਲੜੀਵਾਰ "ਕਿਉਂ ਬਦਲ ਰਹੀ ਹੈਂ ਫਿਜ਼ਾਏਂ" ਦੀ ਇਕੰਜਵੀਂ ਕੜੀ ਵਿੱਚ।

ਮਰਦ ਸੂਤਰਧਾਰ : ਹਾਂ! ਇਸ ਲੜੀਵਾਰ "ਕਿਉਂ ਬਦਲ ਰਹੀ ਹੈਂ ਫਿਜ਼ਾਏਂ" ਦੀ ਪਿਛਲੀ ਕੜੀ, 'ਜਲਵਾਯੂ ਬਦਲਾਅ - ਅਨੁਕੂਲਨ ਤੇ ਆਫਤਾਂ ਨੂੰ ਘਟਾਉਣਾ' ਵਿੱਚ ਸੁਣਾਈ ਸੀ ਅਸੀਂ ਕਹਾਣੀ ਉਨ੍ਹਾਂ ਯਤਨਾਂ ਦੀ ਕਰ ਰਹੇ ਹਾਂ ਜੋ ਅਸੀਂ ਵੱਖ - ਵੱਖ ਪਧਰਾਂ ਉਪਰ ਜਲਵਾਯੂ ਬਦਲਾਅ ਦੇ ਕਾਰਨ ਆ ਰਹੀਆਂ ਸਮੱਸਿਆਵਾਂ ਦੇ ਮੁਕਾਬਲੇ ਦੇ ਲਈ !

ਔਰਤ ਸੂਤਰਧਾਰ: ਹਾਂ ਜੀ! ਹੋਈ ਸੀ ਚਰਚਾ ਕਿ ਕਿਵੇਂ ਹੋ ਰਹੀਆਂ ਨੇ ਕੋਸ਼ਿਸਾਂ ਅੰਤਰ ਰਾਸਟਰੀ , ਰਾਸਟਰੀ, ਸਮੁਦਾਇਕ ਅਤੇ ਵਿਅਕਤੀਗਤ ਪੱਧਰ 'ਤੇ ਕਰਨ ਵਾਸਤੇ ਸਾਹਮਣਾ ਉਨ੍ਹਾਂ ਆਫਤਾਂ ਦਾ ਆ ਰਹੀਆਂ ਨੇ ਜੋ ਇਨ੍ਹਾਂ ਬਦਲਦੀਆਂ ਫਿਜ਼ਾਵਾਂ ਦੇ ਕਾਰਨ !

ਮਰਦ ਸੂਤਰਧਾਰ : ਤਰਕ ਵਿਤਰਕ ਹੋਇਆ ਸੀ ਇਸ ਮਾਮਲੇ ਉਪਰ ਕਿ ਅਸੀਂ ਆਪਣੇ ਆਪ ਨੂੰ ਤੇ ਆਪਣੇ ਜੀਵਣ ਨੂੰ ਕਿਵੇਂ ਬਚਾਅ ਸਕਦੇ ਹਾਂ ਉਨ੍ਹਾਂ ਮੁਸੀਬਤਾਂ ਤੋਂ ਆ ਰਹੀਆਂ ਨੇ ਜੋ ਆਲਮੀ ਤਪਸ਼ ਅਤੇ ਜਲਵਾਯੂ ਬਦਲਾਅ ਦੇ ਕਾਰਨ !

ਔਰਤ ਸੂਤਰਧਾਰ: ਗੱਲ ਹੋਈ ਸੀ ਕਿ ਇਸੇ ਕਾਰਨ ਸਾਡੀਆਂ ਫਸਲਾਂ ਨੂੰ ਹੋ ਰਿਹਾ ਹੈ ਨੁਕਸਾਨ ਤੇ ਘਟ ਰਿਹਾ ਹੈ ਉਨ੍ਹਾਂ ਦਾ ਝਾੜ ਵੀ !

ਮਰਦ ਸੂਤਰਧਾਰ : ਕੀਤੀ ਸੀ ਗੱਲ ਅਸੀਂ ਕਿ ਕਿਵੇਂ ਬਦਲਦੀਆਂ ਫਿਜ਼ਾਵਾਂ ਦੇ ਅਸਰ ਕਾਰਨ, ਠੰਢ ਦੇ ਘਟਣ ਕਾਰਨ ਸੇਬ ਨੂੰ ਘੱਟ ਪੈਣ ਲੱਗਿਆ ਹੈ ਬੂਰ ਅਤੇ 1200 ਤੋਂ 1800 ਮੀਟਰ ਦੀ ਮੱਧਮਿਕ ਉਚਾਈ ਵਾਲੇ ਇਲਾਕਿਆਂ ਵਿੱਚ ਸੇਬ ਦੀ ਫਸਲ ਦਾ ਉਤਪਾਦਨ ਬਹੁਤ ਹੀ ਜਿਆਦਾ ਘਟ ਗਿਆ ਹੈ ਤੇ ਲੋਕਾਂ ਦਾ ਗੁਜਾਰਾ ਹੋਣਾ ਵੀ ਮੁਸ਼ਕਲ ਹੋ ਰਿਹਾ ਹੈ !

ਔਰਤ ਸੂਤਰਧਾਰ: ਸੁਣੇ ਸਨ ਅਸੀਂ ਉਹ ਕਿੱਸੇ ਵੀ ਕਿਵੇਂ ਜੀ. ਬੀ ਪੰਤ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਖੋਲਿਆਂ ਸੀ ਭੇਦ ਕਿਸਾਨਾਂ ਦੇ ਕੋਲ ਸੇਬ ਦੇ ਇਸ ਘਟਦੇ ਉਤਪਾਦਨ ਦੇ ਕਾਰਕਾਂ ਤੇ ਕਾਰਨਾਂ ਦਾ !

ਮਰਦ ਸੂਤਰਧਾਰ : ਸੁਣਾਈ ਸੀ ਕਹਾਣੀ ਕਿ ਕਿਵੇਂ ਜਲਵਾਯੂ ਬਦਲਾਅ ਕਾਰਨ ਠੰਢ ਦੇ ਘਟਣ ਨਾਲ ਘੱਟ ਰਹੇ ਉਤਪਾਦਨ ਦਾ ਮੁਕਾਬਲਾ ਕਰਨ ਵਾਸਤੇ ਕਿਸਾਨਾਂ ਨੇ ਫਸਲਾਂ ਵਿੱਚ ਹੀ ਬਦਲਾਅ ਕਰ ਲਿਆ ਹੈ ! ਕੁਲੂ, ਮੰਡੀ ਤੇ ਸ਼ਿਮਲਾ ਦੇ ਲੋਕਾਂ ਨੇ ਸੇਬਾਂ ਦੇ ਨਾਲ ਹੀ ਸਬਜੀਆਂ, ਕੀਵੀ ਤੇ ਆਨਾਰ ਲਗਾ ਕੇ ਮਿਸ਼ਰਤ ਖੇਤੀ ਵੱਲ ਰੁਖ ਕਰ ਲਿਆ ਹੈ!

ਔਰਤ ਸੂਤਰਧਾਰ: ਹੋਈ ਸੀ ਗੱਲ ਕਿ ਕਿਸ ਤਰ੍ਹਾਂ ਪਿਘਲ ਰਹੇ ਨੇ ਗਲੇਸ਼ੀਅਰ ਅਤੇ ਡੁੱਬ ਰਹੇ ਨੇ ਟਾਪੂ , ਤਟਵਰਤੀ ਆਬਾਦੀ ਦੇ ਰੈਣ ਬਸੇਰਿਆਂ ਦੀ ਹੋ ਰਹੀ ਹੈ ਤਬਾਹੀ ! ਵਰਨਣ ਸੀ ਉਨ੍ਹਾਂ ਕੋਸ਼ਿਸ਼ਾਂ ਦਾ ਜੋ ਹੋ ਰਹੀਆਂ ਨੇ ਇਸ ਆਬਾਦੀ ਨੂੰ ਬਚਾਉਣ ਦੇ ਲਈ !

ਮਰਦ ਸੂਤਰਧਾਰ: ਹੋਈ ਸੀ ਚਰਚਾ ਕਿ ਜਲਵਾਯੂ ਬਦਲਾਅ ਕਾਰਨ ਨਸ਼ਟ ਹੋ ਰਹੀ ਹੈ ਸਾਡੇ ਧਰਤ ਗ੍ਰਹਿ ‘ਤੇ ਪਾਈ ਜਾਂਦੀ ਜੈਵ ਵੰਨ-ਸੁਵੰਨਤਾ ਧਰਤੀ ਦੀ ਸਿਲ੍ਹ ਘਟਣ ਨਾਲ ਤੇ ਗਰਮੀ ਕਾਰਨ ਪੈਦਾ ਹੋਏ ਸੋਕੇ ਨਾਲ ਜ਼ਮੀਨ ਵਿਚਲੇ ਅਨੇਕਾਂ ਜੀਵ ਜੰਤੂ ਮਰ ਜਾਂਦੇ ਹਨ!

ਔਰਤ ਸੂਤਰਧਾਰ: ਸੁਣਾਈ ਸੀ ਕਹਾਣੀ ਕਿ ਜਦ ਅਸੀਂ ਅਨੁਕੂਲਨ ਦੀ ਗੱਲ ਕਰਦੇ ਹਾਂ ਤਾਂ ਸਾਡਾ ਭਾਵ ਹੁੰਦਾ ਹੈ ਕਿ ਅਸੀਂ ਬਦਲਦੀਆਂ ਹਾਲਤਾਂ ਵਿੱਚ ਆਪਣੇ ਨੁਕਸਾਨ ਨੂੰ ਘਟਾਉਣ ਲਈ ਅਤੇ ਜੀਵਤ ਰਹਿਣ ਲਈ ਜਿਹੜੇ ਬਦਲਾਅ ਆਪਣੇ ਅਰਥਚਾਰੇ ਅਤੇ ਸਮਾਜਿਕ ਤੌਰ ਤਰੀਕਿਆਂ ਵਿੱਚ ਕਰਦੇ ਹਾਂ ਉਸੇ ਨੂੰ ਤਾਂ ਕਹਿੰਦੇ ਨੇ ਅਨੁਕੂਲਨੀਕਰਨ !

ਮਰਦ ਸੂਤਰਧਾਰ: ਸੁਣ ਲਿਆ ਸੀ ਤੁਸੀਂ ਸੱਚ ਕਿ ਕਿਵੇਂ ਸੋਕੇ ਵਾਲੇ ਖੇਤਰਾਂ ਵਿੱਚ ਉਹ ਫਸਲਾਂ ਉਗਾਉਣੀਆਂ ਸੁਰੂ ਕਰ ਦਿੱਤੀਆਂ ਹਨ ਜਿਨ੍ਹਾਂ ਨੂੰ ਘੱਟ ਪਾਣੀ ਦੀ ਲੋੜ ਹੋਵੇ ਤੇ ਜਿਆਦਾ ਨਮੀ ਵਾਲੇ ਇਲਾਕਿਆਂ ਵਿੱਚ ਉਹ ਫਸਲਾਂ ਬੀਜਣ ਲੱਗ ਪਏ ਹਾਂ ਜਿਹੜੀਆਂ ਸਿਲ੍ਹ ਵਿੱਚ ਵੀ ਉਗ ਸਕਣ ਤੇ ਵਧੀਆ ਝਾੜ ਦੇ ਸਕਨ ! ਅਸੀਂ ਬਦਲਦੀਆਂ ਹਾਲਤਾਂ ਵਿੱਚ ਵਧੀਆ ਝਾੜ ਵਾਲੀਆਂ ਫਸਲਾਂ ਦੇ ਬੀਜ ਤਿਆਰ ਕਰਦੇ ਹਾਂ ਤੇ ਆਪਣੀਆਂ ਖੋਜਾਂ ਨੂੰ ਵੀ ਮੋੜਾ ਦਿੰਦੇ ਹਾਂ ਇੱਕ ਹੋਰ ਨਵੀਂ ਦਿਸ਼ਾ ਦੇ ਵੱਲ ਨੂੰ !

ਔਰਤ ਸੂਤਰਧਾਰ: ਸੁਣਾਈ ਸੀ ਕਹਾਣੀ ਕਿ ਜਿੱਥੇ ਅਸੀ ਆਪਣੀ ਭੋਜਨ ਸੁਰੱਖਿਆ ਵਿਵਸਥਾ ਨੂੰ ਕਾਇਮ ਰੱਖਣ ਵਾਸਤੇ ਫਸਲਾਂ ਵਿੱਚ ਬਦਲਾਅ ਕਰਦੇ ਹਾਂ ਉਸੇ ਹੀ ਤਰ੍ਹਾਂ ਜਲਵਾਯੂ ਬਦਲਾਅ ਕਾਰਨ ਬਦਲਦੀਆਂ ਫਿਜ਼ਾਵਾਂ ਦਾ ਮੁਕਾਬਲਾ ਕਰਨ ਵਾਸਤੇ ਅਸੀਂ ਰੁੱਖ ਲਗਾ ਕੇ ਜੰਗਲਾਂ ਦਾ ਰਕਬਾ ਵਧਾ ਕੇ ਕਾਰਨ ਸਿੰਕ ਯਾਣੀ ਗਰਕੀ ਨੂੰ ਵੱਡਾ ਕਰ ਸਕਦੇ ਹਾਂ!

ਮਰਦ ਸੂਤਰਧਾਰ: ਸੁਣ ਲਿਆ ਸੀ ਕਿੱਸਾ ਕਿ ਕਿਵੇਂ ਸਾਡੇ ਮੌਜੂਦਾ 2640 ਲੱਖ ਹੈਕਟੇਅਰ ਰਕਬੇ ਵਿੱਚ ਫੈਲੇ ਜੰਗਲ ਸੋਕਦੇ ਨੇ 1.5 ਗੀਗਾ ਟਨ ਕਾਰਬਨ ਨੂੰ ! ਵਧਾਈ ਜਾ ਸਕਦੀ ਹੈ ਇਸ ਦੀ ਸਮਰੱਥਾ ਜੰਗਲਾਂ ਹੇਠ

ਰਕਬੇ ਨੂੰ ਵਧਾ ਕੇ ਤੇ ਆਪਣੇ ਆਪ ਨੂੰ ਢਾਲ ਸਕਦੇ ਹਾਂ ਅਸੀਂ ਜਲਵਾਯੂ ਬਦਲਾਅ ਤੋਂ ਆਉਣ ਵਾਲੀਆਂ ਮੁਸੀਬਤਾਂ ਦਾ ਮੁਕਾਬਲਾ ਕਰਨ ਵਾਸਤੇ !

**ਔਰਤ ਸੂਤਰਧਾਰ:** ਇਹ ਵੀ ਤਾਂ ਹੋਈ ਸੀ ਗੱਲ ਕਿ ਆਫਤ ਰੋਧੀ ਇਮਾਰਤਸਾਜੀ ਵੀ ਹੈ ਇੱਕ ਤਰੀਕਾ ਜਲਵਾਯੂ ਬਦਲਾਅ ਕਾਰਨ ਆਉਣ ਵਾਲੀਆਂ ਮੁਸੀਬਤਾਂ ਨਾਲ ਟਾਕਰਾ ਕਰਨ ਲਈ ਅਨਕੂਲੀਕਰਨ ਦਾ !

**ਮਰਦ ਸੂਤਰਧਾਰ :** ਮੌਸਮ ਦੀ ਵਿਗੜਦੀ ਜਾ ਰਹੀ ਹੈ ਚਾਲ ! ਸੁਣਾਈ ਸੀ ਅਸੀਂ ਕਹਾਣੀ ਕਿ ਕਿਵੇਂ ਮੌਨਸੂਨ ਆਉਣ ਦਾ ਸਮਾ , ਇਸ ਦੀ ਅਵਧੀ ਤੇ ਬਾਰਸ਼ ਦੀ ਮਾਤਰਾ ਬਦਲ ਰਹੀ ਹੈ !

**ਔਰਤ ਸੂਤਰਧਾਰ:** ਹਾਂ ਜੀ ਸੁਣਾਈ ਸੀ ਕਹਾਣੀ ਕਿ ਜਿੱਥੇ ਇੱਕ ਪਾਸੇ ਮੌਨਸੂਨ ਪਛੜ ਕੇ ਆ ਰਿਹਾ ਹੈ , ਉਥੇ ਇਹ ਚਲਾ ਵੀ ਜਲਦੀ ਜਾਂਦਾ ਹੈ ਪਰ ਜਿੰਨਾ ਚਿਰ ਰਹਿੰਦਾ ਹੈ ਉਨਾਂ ਚਿਰ ਬਹੁਤ ਤੇਜ ਬਾਰਸ਼ ਹੁੰਦੀ ਹੈ ਤੇ ਹੜ੍ਹ ਆ ਜਾਂਦੇ ਹਨ !

**ਮਰਦ ਸੂਤਰਧਾਰ :** ਸੁਣਾ ਦਿੱਤਾ ਸੀ ਕਿੱਸਾ ਕਿ ਜਿਥੇ ਰਾਜਸਥਾਨ ਵਿੱਚ ਸੋਕਾ ਹੁੰਦਾ ਸੀ ਉਥੇ ਵੀ ਹੁਣ ਹੜ੍ਹ ਆਉਣ ਲੱਗ ਗਏ ਹਨ !

**ਔਰਤ ਸੂਤਰਧਾਰ:** ਸੁਣ ਲਿਆ ਸੀ ਇਹ ਸੱਚ ਵੀ ਕਿਪਹਿਲਾਂ ਰਾਜਸਥਾਨ ਦੇ ਪਿੰਡਾਂ ਵਿੱਚ ਜਲ ਨਾਲ ਭਰੇ ਤਾਲਾਬ ਵੇਖ ਕੇ ਲੋਕ ਖੁਸ਼ੀਆਂ ਮਨਾਉਂਦੇ ਸੀ ਪਰ ਅੱਜ ਮੌਸਮ ਦਿ ਇਸ ਬਦਲਦੀ ਚਾਲ ਕਾਰਨ ਉਨ੍ਹਾਂ ਹੀ ਜਲ ਭਰੇ ਤਾਲਾਬਾਂ ਤੋਂ ਲੋਕ ਭੈ-ਭੀਤ ਹੋ ਰਹੇ ਨੇ !

**ਮਰਦ ਸੂਤਰਧਾਰ :** ਹੋਈ ਸੀ ਗੱਲ ਕਿ ਕਿਵੇਂ ਸਾਲ 2015 ਵਿੱਚ ਬਾੜਮੇਰ ਦੇ ਪਿੰਡਾਂ ਵਿੱਚ ਸੋਕਾ ਸੀ, ਔੜ ਲੱਗੀ ਸੀ ਪਰ ਅਗਲੇ ਹੀ ਸਾਲ ਅਕਤੂਬਰ ਵਿੱਚ ਪਹਿਲਾਂ ਨਾਲੋਂ ਚਾਰ ਗੁਣਾ ਪਾਣੀ ਬਰਸ ਗਿਆ ਤੇ ਹੜ੍ਹ ਆ ਗਿਆ ! ਘਰ ਘਾਟ ਉਜੜ ਗਏ !

**ਔਰਤ ਸੂਤਰਧਾਰ:** ਬੇ ਮੌਸਮੀ ਬਾਰਸ਼ ਨਾਲ, ਹੜ੍ਹਾਂ ਕਾਰਨ ਉਥੋਂ ਦੀ ਬਨਸਪਤੀ ਦਾ ਰੰਗ ਰੂਪ ਤੇ ਵੰਨਗੀਆਂ ਬਦਲ ਗਈਆਂ , ਸਦੀਆਂ ਤੋਂ ਚੱਲੀਆਂ ਆ ਰਹੀਆਂ ਮੂੰਗੀ, ਬਾਜਰੇ ਤੇ ਤਿਲ ਦੀਆਂ ਫਸਲਾਂ ਦੇ ਮਾਰੇ ਜਾਣ ਕਾਰਨ ਉਥੇ ਭੋਜਨ ਸਮੱਸਿਆ ਵੀ ਹੋਰ ਗੰਭੀਰ ਬਣਦੀ ਜਾ ਰਹੀ ਹੈ !

**ਮਰਦ ਸੂਤਰਧਾਰ :** ਸੁਣ ਲਿਆ ਸੀ ਅਸੀਂ ਕਿੱਸਾ ਇਹ ਵੀ ਕਿ ਕਿਵੇਂ ਰਾਜਸਥਾਨ ਵਿੱਚ ਸਦੀਆਂ ਬਾਅਦ ਇਹ ਸਥਿਤੀ ਪੈਦਾ ਹੋ ਰਹੀ ਹੈ ਜਲਵਾਯੂ ਦੇ ਬਦਲਾਅ ਕਾਰਨ ਜਿਹੜਾਂ ਹੋ ਰਿਹਾ ਹੈ ਧਰਤੀ ਦੇ ਤੇਜੀ ਨਾਲ ਗਰਮ ਹੁੰਦੇ ਜਾਣ ਕਾਰਨ !

ਔਰਤ ਸੂਤਰਧਾਰ: ਹੋਈ ਸੀ ਗੱਲ ਕਿ ਬਦਲਦੇ ਵਰਖਾ ਚੱਕਰ ਦਾ ਵਰਤਾਰਾ ਤਾਂ ਇਹ ਇਕੱਲੇ ਰਾਜਸਥਾਨ ਦਾ ਨਹੀਂ ਸਗੋਂ ਦੁਨੀਆ ਭਰ ਵਿੱਚ ਬਦਲ ਰਿਹਾ ਹੈ ਮੌਸਮ ਤਾਂ, ਅਤੇ ਹੋ ਰਹੀ ਹੈ ਉਥਲ -ਪੁਥਲ ਪਰ ਵਰਤਾਰਾ ਤਾਂ ਇਹ ਇਕੱਲੇ ਰਾਜਸਥਾਨ ਦਾ ਨਹੀਂ ਸਗੋਂ ਦੁਨੀਆ ਭਰ ਵਿੱਚ ਬਦਲ ਰਿਹਾ ਹੈ ਮੌਸਮ ਤੇ ਹੋ ਰਹੀ ਹੈ ਉਥਲ - ਪੁਥਲ ਪੂਰੀ ਧਰਤੀ 'ਤੇ ਹੀ !

ਮਰਦ ਸੂਤਰਧਾਰ : ਰਾਜਸਥਾਨ ਵਿੱਚ ਬਾੜਮੇਰ ਵਿੱਚ 2006 ਵਿੱਚ ਹੜ੍ਹ ਆਏ ! ਪਰ ਹੁਣ 2015 ਤੋਂ ਤਾਂ ਤਿੰਨ ਸਾਲ ਲਗਾਤਾਰ ਹੜ੍ਹਾਂ ਨੇ ਤਬਾਹੀ ਮਚਾਈ ਹੈ ! ਸਾਲ 2015 ਵਿੱਚ ਤਾਂ ਕੇਵਲ ਇੱਕ ਹਫਤੇ ਵਿੱਚ ਹੀ 723 ਮਿਲੀ ਮੀਟਰ ਜਲ ਬਰਸ ਗਿਆ ਸੀ !

ਔਰਤ ਸੂਤਰਧਾਰ: ਇਹ ਵੀ ਤਾਂ ਤੱਥ ਹੈ ਕਿ ਸਾਲ ਪਿਛਲੇ ਸਾਲ ਵੀ ਬਾੜਮੇਰ ਵਿੱਚ ਬਹੁਤ ਤੇਜ ਬਾਰਸ਼ ਹੋਈ ਬਲਕਿ ਉਹ ਤਾਂ ਸਾਰੇ ਦੱਖਣੀ ਪੱਛਮੀ ਰਾਜਸਥਾਨ ਵਿੱਚ ਹੀ ਪੈਰ ਪਸਾਰ ਗਈ ਸੀ । ਉਥੇ ਪਾਣੀ ਦੇ ਖੜ੍ਹੇ ਰਹਿਣ ਕਾਰਨ ਬਿਮਾਰੀਆਂ ਵੀ ਤਾਂ ਬਹੁਤ ਤੇਜੀ ਨਾਲ ਫੈਲ ਗਈਆਂ ਸਨ !

ਮਰਦ ਸੂਤਰਧਾਰ: ਹੋਈ ਸੀ ਚਰਚਾ ਕਿ ਭਾਰਤ ਦੇ ਬਾਕੀ ਸੂਬਿਆਂ ਦਾ ਮੌਸਮ ਵੀ ਇਸੇ ਤਰ੍ਹਾਂ ਵਿਗੜ ਰਿਹਾ ਹੈ ! ਸਾਲ 2010 ਵਿੱਚ ਘੱਟ ਵਰਖਾ ਵਾਲੇ ਇਲਾਕੇ ਲੇਹ ਵਿੱਚ ਵੀ ਹੜ੍ਹਾਂ ਨੇ ਜਨ ਜੀਵਣ ਅਸਤ ਵਿਅਸਤ ਕਰ ਦਿੱਤਾ ਸੀ !

ਔਰਤ ਸੂਤਰਧਾਰ: ਸੁਣਾਈ ਸੀ ਕਹਾਣੀ ਕਿ ਕਿਵੇਂ ਮਾਹਾਰਸਟਰ ਵਿੱਚ 2015 ਵਿੱਚ ਭਿਆਨਕ ਹੜ੍ਹ ਆਏ ਸਨ ! ਜਾਨ ਮਾਲ ਦਾ ਬਹੁਤ ਨੁਕਸਾਨ ਹੋਇਆ ਸੀ , ਇੱਕਲੀ ਮੁੰਬਈ ਵਿੱਚ ਹੀ ਚਾਰ ਸੌ ਤੋਂ ਵੱਧ ਮੌਤਾਂ ਹੋ ਗਈਆਂ ਸਨ !

ਮਰਦ ਸੂਤਰਧਾਰ: ਸੁਣ ਲਿਆ ਸੀ ਤੁਸੀਂ ਸੱਚ ਕਿ ਇਹ ਹੜ੍ਹ ਤੇ ਬਦਲਦਾ ਮੌਸਮ ਕੇਵਲ ਮੈਦਾਨੀ ਇਲਾਕਿਆਂ ਦਾਂ ਹੀ ਕਹਾਣੀ ਨਹੀਂ ਸਗੋਂ ਹਿਮਾਲਈ ਖੇਤਰ ਵੀ ਇਸਦੀ ਮਾਰ ਤੋਂ ਬਚੇ ਨਹੀਂ ਹੋਏ !

ਔਰਤ ਸੂਤਰਧਾਰ: ਸੁਣਾਈ ਸੀ ਕਹਾਣੀ ਕਿ ਕਿਵੇਂ ਹਿਮਾਚਲ ਵਿੱਚ ਵੀ ਬਦਲ ਫਟਣ ਨਾਲ ਤਬਾਹੀ ਦੇ ਕਿਸੇ ਸੁਣਾਈ ਦਿੰਦੇ ਰਹਿੰਦੇ ਹਨ ਤੇ ਕਿਵੇਂ 2013 ਵਿੱਚ ਬੱਦਲ ਫਟਣ ਨਾਲ ਉਤਰਾਖੰਡ ਦੇ ਕੇਦਾਰਨਾਥ ਵਿੱਚ ਹੜ੍ਹ ਆ ਗਏ ਸਨ ਤੇ ਬੇਹਿਸਾਬੀ ਤਬਾਹੀ ਮੱਚੀ ਸੀ !

ਮਰਦ ਸੂਤਰਧਾਰ: ਸੁਣ ਲਿਆ ਸੀ ਤੁਸੀਂ ਸੱਚ ਕਿ ਕਿਵੇਂ 2018 ਵਿੱਚ ਕੇਰਲ ਵਿੱਚ ਆਏ ਸਨ ਭਿਆਨਕ ਹੜ੍ਹ ! ਦਸ ਦਿਨ ਤੱਕ ਪਹਿਲਾਂ ਨਾਲੋਂ ਢਾਈ ਗੁਣਾ ਪਾਣੀ ਬਰਸ ਗਿਆ ਤੇ ਲੱਖਾਂ ਲੋਕਾਂ ਨੂੰ ਘਰ ਛੱਡਣੇ ਪਏ , 500 ਤੋਂ ਵੱਧ ਜੀਅ ਮੌਤ ਦੇ ਮੂੰਹ ਜਾ ਪਏ !

**ਔਰਤ ਸੂਤਰਧਾਰ:** ਹੋਈ ਸੀ ਗੱਲ ਕਿ ਕਿਵੇਂ ਜਨਤਕ ਸੇਵਾਵਾਂ ਠੱਪ ਹੋ ਗਇਆਂ ਸਨ, ਪੀਣ ਦੇ ਪਾਣੀ ਦੀ ਭਾਰੀ ਕਿੱਲਤ ਹੋ ਗਈ ਸੀ ! ਹੜ੍ਹ ਪੀੜਤਾਂ ਦੀ ਫੌਰੀ ਰਾਹਤ ਵਾਸਤੇ ਦੋ ਹਜਾਰ ਤੋਂ ਜਿਆਦਾ ਅਸਥਾਈ ਰੈਣ ਬਸੇਰੇ ਕੈਂਪਾਂ ਦੇ ਰੂਪ ਵਿੱਚ ਸਥਾਪਤ ਕਰਨੇ ਪਏ ਸਨ !

**ਮਰਦ ਸੂਤਰਧਾਰ :** ਹਾਂ! ਇਹ ਵੀ ਕੀਤੀ ਸੀ ਚਰਚਾ ਕਿ ਪੱਛਮੀ ਘਾਟ ਜਿਹੜੇ ਵਾਤਾਵਰਣੀ ਪ੍ਰਣਾਲੀ ਦੇ ਅਤਿ ਸੰਵੇਦਨਸ਼ੀਲ ਖੇਤਰ ਹਨ ਬੁਰੀ ਤਰ੍ਹਾਂ ਪ੍ਰਭਾਵਤ ਹੋਏ ਸਨ ਤੇ ਉਥੋਂ ਦੇ ਈਕੋ ਸਿਸਟਮ ਨੂੰ ਭਾਰੀ ਨੁਕਸਾਨ ਝੇਲਣਾ ਪਿਆ ਸੀ !

**ਔਰਤ ਸੂਤਰਧਾਰ:** ਹਾਂ ਜੀ! ਸੁਣਾਈ ਸੀ ਇਹ ਕਹਾਣੀ ਵੀ ਕਿ ਕਿਵੇਂ ਮਚਾਈ ਸੀ ਤਬਾਹੀ ਇਨ੍ਹਾਂ ਹੜ੍ਹਾਂ ਨੇ 2004 ਵਿੱਚ ਬਿਹਾਰ ਵਿੱਚ , 2012 ਵਿੱਚ ਆਸਾਮ ਵਿੱਚ , 2014 ਵਿੱਚ ਜੰਮੂ ਵਿੱਚ ਤੇ 2015 ਦੌਰਾਨ ਚੇਨਈ ਵਿੱਚ ਵੀ ਜਿਥੇ ਢਾਈ ਸੌ ਤੋਂ ਵੱਧ ਮੌਤਾਂ ਵੀ ਹੋ ਗਈਆਂ ਸਨ !

**ਮਰਦ ਸੂਤਰਧਾਰ :** ਇਹ ਵਰਤਾਰਾ ਵੀ ਤਾਂ ਕੀਤਾ ਗਿਆ ਸੀ ਨੋਟ ਕਿ ਹੁਣ ਜੂੰ ਜੁਲਾਈ ਦੀ ਥਾਂ ਅਗਸਤ ਸਤੰਬਰ ਵਿੱਚ ਜਿਆਦਾ ਬਾਰਸ਼ ਆਉਣ ਲੱਗ ਗਈ ਹੈ !

**ਔਰਤ ਸੂਤਰਧਾਰ:** ਗੱਲ ਹੋਈ ਸੀ ਕਿ ਬਾਰਸ਼ ਦੇ ਇਸ ਬਦਲਾਅ ਦੇ ਨਾਲ ਹੀ ਗਰਮੀ ਵੀ ਵੱਧ ਪੈਣ ਲੱਗ ਗਈ ਹੈ ਤੇ ਇਸਦੀ ਅਵਧੀ ਵੀ ਵਧ ਗਈ ਹੈ ! ਹੁਣ ਗਰਮੀਆਂ ਜਿਆਦਾ ਲੰਬੀਆਂ ਹੋ ਗਈਆਂ ਤੇ ਸਰਦੀਆਂ ਹੋ ਗਈਆਂ ਨੇ ਛੋਟੀਆਂ !

**ਮਰਦ ਸੂਤਰਧਾਰ :** ਗੱਲ ਕੀਤੀ ਸੀ ਕਿ ਲੂ ਨਾਲ ਮੌਤਾਂ ਵੀ ਵਧ ਰਹੀਆਂ ਨੇ ਅਤੇ ਪਸ਼ੂ-ਪੰਛੀਆਂ ਦਾ ਜਿਉਣਾ ਵੀ ਹੋ ਰਿਹਾ ਹੈ ਮੁਹਾਲ !

**ਔਰਤ ਸੂਤਰਧਾਰ:** ਸੁਣਿਆ ਸੀ ਇਹ ਸੱਚ ਵੀ ਕਿ ਪਿਛਲਾ 2007 ਤੋਂ 2018 ਦਾ ਦਹਾਕਾ ਸੱਭ ਤੋਂ ਵੱਧ ਗਰਮੀ ਵਾਲਾ ਰਿਹਾ ਹੈ । ਇਸ ਗਰਮੀ ਕਾਰਨ ਤੇਜ ਹਨੇਰੀਆਂ ਦੀਆਂ ਘਟਨਾਵਾਂ ਵੀ ਤੇਜੀ ਫੜ ਰਹੀਆਂ ਹਨ ! ਸਾਲ 2018 ਵਿੱਚ ਤੇਜ ਹਨੇਰਿਆਂ ਦੀਆਂ 50 ਦੇ ਕਰੀਬ ਘਟਨਾਵਾਂ ਵਿੱਚ 500 ਤੋਂ ਜਿਆਦਾ ਲੋਕਾਂ ਦੀ ਮੌਤ ਹੋ ਗਈ !

**ਮਰਦ ਸੂਤਰਧਾਰ :** ਸੁਣਾਈ ਸੀ ਦਾਸਤਾਨ ਕਿ ਵਧਦੀ ਬਾਰਸ਼ ਕਾਰਨ ਰਾਜਸਥਾਨ ਵਿੱਚ ਕੀੜੇ ਮਕੌੜਿਆਂ ਵਿੱਚ ਵੀ ਬਦਲਾਅ ਵਿਖਾਈ ਦਿੰਦੇ ਹਨ ਤੇ ਹਿਰਨਾਂ ਦੀ ਤਾਂ ਨਫਰੀ ਹੀ ਘੱਟਦੀ ਜਾ ਰਹੀ ਹੈ !

**ਔਰਤ ਸੂਤਰਧਾਰ:** ਸੁਣਿਆ ਸੀ ਇਹ ਸੱਚ ਵੀ ਕਿ ਵਧਦੀ ਗਰਮੀ ਕਾਰਨ ਉਤਰੀ ਧ੍ਰੁਵ ਦੇ ਗਰਮ ਹੋਣ ਨਾਲ ਪੱਛਮੀ ਹਲਚਲਾਂ ਵਿੱਚ ਵੀ ਵੱਡੇ ਬਦਲਾਅ ਆਏ ਹਨ ਤੇ ਬਰਫਬਾਰੀ ਦੇ ਤੌਰ ਤਰੀਕੇ ਵੀ ਬਦਲ ਰਹੇ ਹਨ !

**ਮਰਦ ਸੂਤਰਧਾਰ :** ਹੋਈ ਸੀ ਚਰਚਾ ਇਸ ਹਕੀਕਤ 'ਤੇ ਵੀ ਕਿ ਕਿਵੇਂ ਹੁਣ ਅਸੀਂ ਆਲਮੀ ਤਪਸ਼ ਨੂੰ ਘਟਾਉਣ ਵਾਸਤੇ ਅਤੇ ਦੂਰ ਦੁਰਾਡੇ ਇਲਾਕਿਆਂ ਨੂੰ ਊਰਜਾ ਉਪਲਬਧ ਕਰਵਾਉਣ ਵਾਸਤੇ ਆਪਣੀਆਂ ਊਰਜਾ ਲੋੜਾਂ ਦੀ ਪੂਰਤੀ ਲਈ ਪਥਰਾਹਟੀ ਈਂਧਣਾਂ 'ਤੇ ਟੇਕ ਘਟਾ ਰਹੇ ਹਾਂ !

**ਔਰਤ ਸੂਤਰਧਾਰ:** ਆਹੋ ਜੀ! ਸੁਣਾਈ ਸੀ ਕਹਾਣੀ ਕਿ ਸੂਰਜੀ ਊਰਜਾ ਨਾਲ ਅਸੀਂ ਕਿਵੇਂ ਦੂਰ ਦੁਰਾਡੇ ਅਣਵਿਕਸਿਤ ਇਲਾਕੇ ਵਿੱਚ ਸੂਰਜੀ ਊਰਜਾ ਨਾਲ ਚਾਨਣ ਕਰਕੇ ਉਸਾਰੀ ਕਾਮਿਆਂ ਦੇ ਜੀਵਣ ਵਿੱਚ ਲਿਆਂਦਾ ਹੈ ਬਦਲਾਅ !

**ਮਰਦ ਸੂਤਰਧਾਰ:** ਸੁਣਾਈ ਸੀ ਉਹ ਕਹਾਣੀ ਵੀ ਜੋ ਸੀ ਖੁਸ਼ੀਆਂ ਮਨਾਉਣ ਦੀ ਉਸਾਰੀ ਕਾਮਿਆਂ ਦੀ ਬਸਤੀ ਦੇ ਵਿੱਚ ਕਿਉਂ ਜੋ ਉਨ੍ਹਾਂ ਦੇ ਬੱਚਿਆਂ ਨੇ ਸੂਰਜੀ ਊਰਜਾ ਕਾਰਨ ਆਈ ਬਿਜਲੀ ਦੇ ਚਾਨਣ ਵਿੱਚ ਪੜ੍ਹਾਈ ਕਰਕੇ ਕਰ ਲਈ ਸੀ ਚੰਗੀ ਪ੍ਰਾਪਤੀ !

**ਔਰਤ ਸੂਤਰਧਾਰ:** ਸੂਰਜੀ ਊਰਜਾ ਕਾਰਨ ਮਿੱਟੀ ਦੇ ਦੀਵਿਆਂ ਦੇ ਧੂੰਏਂ ਨਾਲ ਹੁੰਦੀਆਂ ਬਿਮਾਰੀਆਂ ਤੋਂ ਛੁਟੇ ਖਹਿੜੇ ਕਾਰਨ ਤੇ ਪਥਰੀ ਕੋਲੇ ਬਾਲਣ ਕਰਕੇ ਦਮ ਘੁਟਣ ਨਾਲ ਹੁੰਦੀਆਂ ਮੌਤਾਂ ਤੋਂ ਛੁਟਕਾਰਾ ਵੀ ਆਪਣੇ ਆਪ ਵਿੱਚ ਬਿਆਨ ਕਰਦੇ ਸਨ ਉਨ੍ਹਾਂ ਕਾਮਿਆਂ ਦੇ ਖੁਸ਼ੀ ਦੇ ਪਲਾਂ ਨੂੰ !

**ਮਰਦ ਸੂਤਰਧਾਰ :** ਹੋਈ ਸੀ ਗੱਲ ਕਿ ਕਿਵੇਂ ਸੂਰਜੀ ਊਰਜਾ ਨੂੰ ਗਰਿਡ ਨਾਲ ਜੋੜਣ ਕਾਰਨ ਹੁਣ ਸੋਲਰ ਬੈਟਰੀਆਂ ਦੀ ਲੋੜ ਘਟ ਰਹੀ ਹੈ ਜਿਸ ਕਾਰਨ ਖਰਚੇ ਘਟਣ ਦੇ ਨਾਲ ਹੀ ਬੈਟਰੀਆਂ ਰਾਹੀਂ ਹੋਣ ਵਾਲੇ ਪ੍ਰਦੂਸ਼ਣਤੋਂ ਵੀ ਛੁਟਦਾ ਹੈ ਖਹਿੜਾ !

**ਔਰਤ ਸੂਤਰਧਾਰ:** ਇਸ ਨੁਕਤੇ 'ਤੇ ਵੀ ਗੱਲ ਬਾਤ ਹੋਈ ਸੀ ਕਿਵੇਂ ਲੋਕ ਆਪਣੀਆਂ ਸਭਿਆਚਾਰਕ ਤੇ ਭਾਈ ਚਾਰਕ ਸਾਂਝਾਂ ਰਾਹੀਂ ਇੱਕ ਦੂਜੇ ਦੀਆਂ ਲੋੜਾਂ ਵੀ ਪੂਰੀਆਂ ਕਰਦੇ ਹਨ ਆਪਸੀ ਸਹਿਯੋਗ ਤੇ ਮਦਦ ਦਾ ਨਮੂਨਾ ਹਨ, ਖੁਸੀ – ਗਮੀ ਦੇ ਪਲਾਂ ਨੂੰ ਇਕੱਠੇ ਮਾਣਦੇ ਹਨ !

**ਮਰਦ ਸੂਤਰਧਾਰ :** ਪ੍ਰਮਾਣੂ ਬਿਜਲੀ ਘਰਾਂ ਰਾਹੀਂ ਬਿਜਲੀ ਪੈਦਾ ਹੋਣ ਨਾਲ ਪ੍ਰਮਾਣੂ ਬਿਜਲੀ ਘਰਾਂ ਦੀਆਂ ਕਮਜੋਰੀਆਂ ਨੂੰ ਤਾਂ ਗਿਆ ਹੀ ਸੀ ਛੋਹਿਆ ! ਪਰ ਚਰਚਾ ਇਹ ਵੀ ਹੋਈ ਸੀ ਕਿ ਕਈ ਵਾਰੀ ਕੰਪਿਊਟਰ ਤੋਂ ਤਿਆਰ ਕੀਤੇ ਅੰਕੜੇ ਜਾਂ ਕਾਗਜੀ ਦਸਤਾਵੇਜ ਹਕੀਕਤ ਨਹੀਂ ਦਰਸਾਉਂਦੇ ! ਇਹੀ ਕਾਰਨ ਹੈ ਕਿ ਘਰ ਘਰ ਬਿਜਲੀ ਦੇ ਦਾਅਵੇ ਵੀ ਹਕੀਕਤ ਨਾਲ ਮੇਲ ਨਹੀਂ ਖਾਂਦੇ , ਪਰ ਇਹ ਵੀ ਸੱਚ ਹੈ ਕਿ ਦੂਰ ਦੁਰਾਡੇ ਇਲਾਕਿਆਂ ਵਿੱਚ ਬਿਜਲੀ ਪਸਾਰੇ ਦੀ ਸਥਿਤੀ ਵਿੱਚ ਸੁਧਾਰ ਹੋਇਆ ਹੈ !

**ਔਰਤ ਸੂਤਰਧਾਰ:** ਸੁਣੀ ਸੀ ਹਕੀਕਤ ਕਿ ਰਸੋਈ ਗੈਸ ਦੀ ਉਪਲਬਧਤਾ ਕਾਰਨ ਘਰਾਂ ਵਿੱਚ ਬਾਲਣ ਲਈ ਹੋ ਰਹੀ ਮਿਟੀ ਦੇ ਤੇਲ, ਡੀਜ਼ਲ ਅਤੇ ਕੋਲੇ ਦੀ ਵਰਤੋਂ ਬਹੁਤ ਹੱਦ ਤੱਕ ਘਟੀ ਹੈ ! ਸਾਲ 2017 ਤੱਕ ਮਿੱਟੀ

ਦੇ ਤੇਲ ਦੀ ਘਰੇਲੂ ਵਰਤੋਂ ਵਿੱਚ 20% ਦੀ ਕਮੀ ਆਈ ਹੈ !

**ਮਰਦ ਸੂਤਰਧਾਰ :** ਸਰਕਾਰੀ ਅਧਿਕਾਰੀਆਂ, ਮਾਹਰਾਂ ਅਤੇ ਮੀਡੀਆ ਕਰਮੀਆਂ ਦੇ ਆਪਸੀ ਵਾਰਤਾਲਾਪ ਰਾਹੀਂ ਕੀਤੀ ਸੀ ਚਰਚਾ ਕਿ ਦੋਹਰੀ ਪ੍ਰਣਾਲੀ ਯਾਣੀ ਬੈਟਰੀ ਵੀ ਤੇ ਗਰਿਡ ਵੀ ਰਾਹੀਂ ਉਨ੍ਹਾਂ ਇਲਾਕਿਆਂ ਵਿੱਚ ਲਗਾਤਾਰ ਬਿਜਲੀ ਪੂਰਤੀ ਯਕੀਨੀ ਬਣਾਈ ਜਾ ਸਕਦੀ ਹੈ ਜਿਥੇ ਹਨੇਰੀਆਂ ਤੁਫਾਨਾਂ ਤੇ ਹੋਰ ਕੁਦਰਤੀ ਆਫਤਾਂ ਕਾਰਨ ਗਰਿਡ ਨੂੰ ਨੁਕਸਾਨ ਪੁੱਜਣ ਨਾਲ ਬਿਜਲੀ ਸਪਲਾਈ ਵਿੱਚ ਵਿਘਣ ਪੈਂਦੇ ਰਹਿੰਦੇ ਹਨ !

**ਔਰਤ ਸੂਤਰਧਾਰ:** ਸੁਣੇ ਸਨ ਅਸੀਂ ਉਹ ਵਿਗਿਆਨਿਕ ਸਿਧਾਂਤ ਵੀ ਕਿ ਕਿਵੇਂ ਸੋਲਰ ਪੈਨਲ ਜਿਹੜੇ ਕਤਾਰਬੰਦੀ ਵਿੱਚ ਬੀੜੇ ਹੁੰਦੇ ਹਨ ਉਨ੍ਹਾਂ ਤੋਂ ਬਿਜਲੀ ਪੈਦਾ ਹੋਣ ਦਾ ਕਾਰਨ ਹੈ ਫੋਟੋਵੋਲਟਿਕ ਪ੍ਰਭਾਵ ਯਾਣੀ ਸੋਲਰ ਪੈਨਲ ਦੀ ਧਾਤੂ ਸੂਰਜੀ ਰੋਸਨੀ ਦੇ ਫੋਟਾਣੂਆਂ ਨੂੰ ਜਜਬ ਕਰਕੇ ਇਲੈਕਟ੍ਰੋਨਾਂ ਦੀ ਧਾਰਾ ਪ੍ਰਵਾਹਤ ਕਰ ਦਿੰਦੀ ਹੈ ਜਿਸ ਨਾਲ ਬਿਜਲੀ ਧਾਰਾ ਚਲਦੀ ਹੈ !

**ਮਰਦ ਸੂਤਰਧਾਰ :** ਸੁਣਾਈ ਸੀ ਕਹਾਣੀ ਕਿ ਕਿਵੇਂ ਬਿਜਲੀ ਨੂੰ ਵਾਟ ਵਿੱਚ ਮਾਪਦੇ ਹਨ ਅਤੇ ਵੱਡੀ ਮਾਤਰਾ ਵਿੱਚ ਬਿਜਲੀ ਨੂੰ ਗੀਗਾਂ ਵਾਟਾਂ ਦੇ ਬਤੌਰ ਲਿਖਿਆ ਜਾਂਦਾ ਹੈ , ਇੱਕ ਗੀਗਾ ਵਾਟ ਦਾ ਭਾਵ ਹੈ ਇੱਕ ਸੌ ਕਰੋੜ ਵਾਟ ਬਿਜਲੀ !

**ਔਰਤ ਸੂਤਰਧਾਰ:** ਸੁਣਾਈ ਸੀ ਕਹਾਣੀ ਕਿ ਕਿਵੇਂ ਹਰਿਤ ਊਰਜਾ ਦੀ ਵਰਤੋਂ ਨਾਲ ਇੱਕ ਪਾਸੇ ਵਾਤਾਵਰਣ ਦਾ ਪ੍ਰਦੂਸ਼ਣ ਘਟੇਗਾ ਤੇ ਦੂਜੇ ਪਾਸੇ ਕੋਲਾ ਖਦਾਨਾਂ ਵਿੱਚ ਹੁੰਦੇ ਨਿੱਤ ਦਿਹਾੜੇ ਦੇ ਹਾਦਸਿਆਂ ਨੂੰ ਤੇ ਕੋਲਾ ਖਦਾਨਾਂ ਵਿੱਚ ਫਸਣ ਕਰਕੇ ਹੁੰਦੀਆਂ ਕਾਮਿਆਂ ਦੀਆਂ ਮੌਤਾਂ ਨੂੰ ਠੱਲ੍ਹ ਪਵੇਗੀ !

**ਮਰਦ ਸੂਤਰਧਾਰ :** ਸੁਣਾਇਆ ਸੀ ਕਿਸਾ ਆਧੁਯੁੱਗ ਵਿੱਚ ਬਦਲੀਂ ਊਰਜਾ ਦੇ ਸ੍ਰੋਤਾਂ ਦਾ !

**ਔਰਤ ਸੂਤਰਧਾਰ:** ਸੁਣਾਈ ਸੀ ਕਹਾਣੀ ਕਿ ਕਿਵੇਂ ਇੱਕ ਛੋਟੇ ਜਿਹੇ ਯੰਤਰ ਨੂੰ ਹੀ ਚਲਾਉਣ ਵਾਸਤੇ ਊਰਜਾ ਦੇ ਤਿੰਨ ਸ੍ਰੋਤ ਇੱਕੋ ਥਾਂ ਇਕੱਠੇ ਕਰੇ ਹੋਏ ਸਨ-ਯਾਤਰਿਕ ਊਰਜਾ ਆਉਂਦੀ ਸੀ ਇੱਕ ਡੋਰ ਫਿਚਣ ਨਾਲ ਘੁੰਮਦੇ ਪਹੀਏ ਕਾਰਨ, ਦੂਜੇ ਸੌਰ ਊਰਜਾ ਮਿਲ ਰਹੀ ਸੀ ਇੱਕ ਨਿੱਕੇ ਜਿਹੇ ਸੋਲਰ ਪੈਨਲ ਤੋਂ ਅਤੇ ਤੀਜੀ ਸੀ ਰਸਾਇਣਿਕ ਊਰਜਾ ਇੱਕ ਸੈੱਲ ਦੇ ਰਾਹੀਂ !

**ਮਰਦ ਸੂਤਰਧਾਰ :** ਸੁਣੀ ਸੀ ਹਕੀਕਤ ਕਿ ਭਵਿੱਖੀ ਊਰਜਾ ਹੁਣ ਪਥਰਾਹਟੀ ਬਾਲਣਾਂ ਦੀ ਊਰਜਾ ਨਹੀਂ ਹੋਵੇਗੀ ਸਗੋਂ ਹਰਿਤ ਊਰਜਾ ਹੋਵੇਗੀ ! ਗੱਲ ਹੋਈ ਸੀ ਵੱਖ ਵੱਖ ਹਰਿਤ ਊਰਜਾ ਸ੍ਰੋਤਾਂ ਦੀ !

**ਔਰਤ ਸੂਤਰਧਾਰ:** 'ਭਵਿਖੀ ਊਰਜਾ ਦੀ ਗੱਲ ਕਰਦੇ ਹੋਏ ਗੱਲ ਹੋਈ ਸੀ ਪਣ ਊਰਜਾ, ਪੌਣ ਊਰਜਾ, ਜਵਾਰਭਾਟਾ ਊਰਜਾ, ਖੇਤੀ ਤੇ ਘਰੇਲੂ ਰਹਿੰਦ ਖੂੰਹਦ ਤੋਂ ਊਰਜਾ ਯਾਣੀ ਬਾਇਓ ਮਾਸ ਊਰਜਾ ਸ੍ਰੋਤਾਂ ਦੀ !

**ਮਰਦ ਸੂਤਰਧਾਰ :** ਹਾਂ ਜੀ ਚਰਚਾ ਕੀਤੀ ਸੀ ਸੌਰ ਊਰਜਾ ਦੇ ਨਾਲ ਹੀ ਭੂ ਗਰਭ ਤਾਪ ਊਰਜਾ ਦੀ , ਸਮੁੰਦਰੀ ਜਲ ਤਾਪ ਊਰਜਾ ਦੀ ਵੀ !

**ਔਰਤ ਸੂਤਰਧਾਰ:** ਗੱਲ ਹੋਈ ਸੀ ਕਿ ਕਿਵੇਂ ਪਿੰਡਾਂ ਵਿੱਚ ਬਿਜਲੀ ਦੇ ਖੰਭੇ ਲੱਗੇ ਹੋਣ ਦੇ ਬਾਵਜੂਦ ਬਿਜਲੀ ਨਹੀਂ ਸੀ ਆਉਂਦੀ ਤੇ ਮਨੋਰੰਜਨ ਦਾ ਸਾਧਨ ਕੇਵਲ ਇੱਕ ਟਰਾਂਜ਼ਿਸਟਰ ਹੀ ਰਹਿ ਗਿਆ ਸੀ !

**ਮਰਦ ਸੂਤਰਧਾਰ :** ਸੁਣਾਈ ਸੀ ਕਹਾਣੀ ਕਿ ਕਿਵੇਂ ਕੇਵਲ ਪਿੰਡ ਵਿੱਚ ਬਿਜਲੀ ਪਹੁੰਚਣ ਨੂੰ ਹਰ ਪਿੰਡ ਦਾ ਬਿਜਲੀਕਰਨ ਮੰਨ ਲੈਣ ਦੇ ਮਾਪ ਦੰਡ ਤਂ ਅੱਗੇ ਵਧ ਕੇ ਹੁਣ ਅਸੀਂ ਘਰ -ਘਰ ਬਿਜਲੀ ਪਹੁੰਚਾਉਣ ਦੇ ਉਦੇਸ਼ ਨਾਲ ਗਿਣਤੀ ਕਰਦੇ ਹਾਂ ਕਿ ਕਿੰਨੇ ਪਰਿਵਾਰਾਂ ਜਾਂ ਘਰਾਂ ਨੂੰ ਬਿਜਲੀ ਮਿਲ ਗਈ !

**ਔਰਤ ਸੂਤਰਧਾਰ:** ਸੁਣਾਈ ਸੀ ਗਾਥਾ ਕਿ ਪਿੰਡ ਵਿੱਚ ਬਿਜਲੀ ਪਹੁੰਚਣ ਦੇ ਗਣਨਾ ਤਰੀਕੇ ਅਨੁਸਾਰ 94.5% ਪਿੰਡਾਂ ਦਾ ਬਿਜਲੀਕਰਨ ਹੋ ਗਿਆ ਸੀ ਪਰ ਇਹ ਅੰਕੜਾ ਇਕੱਤਰ ਨਹੀਂ ਸੀ ਕੀਤਾ ਜਾਂਦਾ ਕਿ ਸਬੰਧਤ ਪਿੰਡ ਵਿੱਚ ਕਿੰਨੇ ਘਰਾਂ ਨੂੰ ਬਿਜਲੀ ਮਿਲੀ ਹੈ ! ਇਸ ਨਾਲ ਸਾਡੀ ਯੋਜਨਾਬੰਦੀ ਦੇ ਅਨੁਮਾਨ ਵੀ ਕੁੱਝ ਹੋਰ ਦੇ ਹੋਰ ਹੋ ਜਾਂਦੇ ਸਨ ! ਹੁਣ ਅਗਲਾ ਪੜਾਅ ਹੈ ਇਸ ਖਲਾਅ ਨੂੰ ਦੂਰ ਕਰਨ ਦਾ !

**ਔਰਤ ਸੂਤਰਧਾਰ:** ਸੁਣਾਈ ਸੀ ਕਹਾਣੀ ਕਿ ਕਿਵੇਂ ਪੰਜਾਬ ਵਿੱਚ ਜਲਖੇੜੀ ਵਰਗੇ ਬਾਇਓ ਮਾਸ ਬਿਜਲੀ ਘਰ ਅਤੇ ਰੋਹਟੀ, ਬਬਨਪੁਰ, ਨਦਾਮਪੁਰ , ਅਪਰਬਾਰੀ ਦੁਆਬ ਅਤੇ ਸਰਹਿੰਦ ਨਹਿਰ ਦੀਆਂ ਸਾਖਾਵਾਂ ‘ਤੇ ਕਈ ਸਾਰੇ ਲਘੂ ਪਣ -ਬਿਜਲੀ ਘਰ ਬਣਾਏ ਗਏ ਹਨ ਅਤੁ ਉਨ੍ਹਾਂ ਵਿੱਚੋਂ ਕਈ ਚਲ ਵੀ ਰਹੇ ਹਨ !

**ਮਰਦ ਸੂਤਰਧਾਰ :** ਹੋਈ ਸੀ ਗੱਲ ਕਿ ਆਫ-ਲਾਈਨ ਊਰਜਾ ਗਰਿਡਾਂ ਰਾਹੀਂ ਬਿਜਲੀ ਦੂਰ ਦੁਰਾਡੇ ਪਿੰਡਾਂ ਤੇ ਬਸਤੀਆਂ ਵਿੱਚ ਪਹੁੰਚਾਉਣ ਦਾ ਕੰਮ ਹੋ ਰਿਹਾ ਹੈ ! ਬਿਜਲੀ ਉਤਪਾਦਨ ਵਿੱਚ ਨਿਜੀ ਕੰਪਨੀਆਂ ਦੇ ਸ਼ਾਮਲ ਹੋਣ ‘ਤੇ ਵੀ ਚਰਚਾ ਹੋਈ ਸੀ ! ਇਸ ਮੁਦੇ ਦੇ ਬੇਸ਼ੱਕ ਕਈ ਪੱਖ ਅਜੇ ਵੀ ਅਣਛੋਹੇ ਪਏ ਹਨ ਅਤੇ ਪੰਜਾਬ ਵਿੱਚ ਤਾਂ ਹੁਣ ਕਈ ਤਰ੍ਹਾਂ ਦੇ ਅਨੁਭਵ ਵੀ ਸਾਹਮਣੇ ਆ ਰਹੇ ਹਨ !

**ਔਰਤ ਸੂਤਰਧਾਰ:** ਸਾਡੀ ਚਰਚਾ ਨੂੰ ਵਿਰਾਮ ਮਿਲਿਆ ਸੀ ਇਸ ਸਿੱਟੇ ‘ਤੇ ਪਹੁੰਚ ਕੇ ਕਿ ‘ਜਲਵਾਯੂ ਪਰਿਵਰਤਨ ਜਾਂ ਬਦਲਦੀਆਂ ਫਿਜ਼ਾਵਾਂ ਨੂੰ ਠੱਲ੍ਹ ਪਾਕੇ ਚੰਗੇ ਪਾਸੇ ਮੋੜਾ ਦੇਣ ਵਾਸਤੇ ਹਰਿਤ ਊਰਜਾ ਵੀ ਇੱਕ ਬਹੁਤ ਵੱਡਾ ਖੇਤਰ ਹੈ ਅਤੇ ਸਾਨੂੰ ਗੈਰ ਰਵਾਇਤੀ ਊਰਜਾ ਸੰਸਾਧਨਾਂ ‘ਤੇ ਖੋਜ ਕਰਨ ਤੇ ਤਕਨਾਲੋਜੀ ਵਿਕਸਿਤ ਕਰਨ ਦੀ ਲੋੜ ਹੈ ਤਾਕਿ ਪਥਰਾਹਟੀ ਈਂਧਣਾ ‘ਤੇ ਨਿਰਭਰਤਾ ਘਟਾਈ ਜਾ ਸਕੇ !

**ਮਰਦ ਸੂਤਰਧਾਰ :** ਗੱਲ ਹੋਈ ਸੀ ਕਿ ਪ੍ਰਿਥਵੀ ਦੇ ਜਲਵਾਯੂ ਦੀ ਜਟਿਲ ਪ੍ਰਣਾਲੀ ਦੇ ਵੱਖ ਵੱਖ ਘਟਕਾਂ ਸਮੁੰਦਰ, ਵਾਯੂਮੰਡਲ, ਮਨੁੱਖ, ਜੀਵ, ਜੰਗਲ ਅਤੇ ਜੈਵ-ਵਿਭਿੰਨਤਾ ਦਾ ਆਪਸੀ ਲੈਣ-ਦੇਣ ਚਲਦਾ ਰਹਿੰਦਾ ਰਿਹਾ ਹੈ .... ਪਰ ਹੁਣ ਇਹ ਜਲਵਾਯੂ ਤੇਜੀ ਨਾਲ ਬਦਲ ਰਿਹਾ ਹੈ ਜਿਸ ਦਾ ਸਾਹਮਣਾ ਕਰਨ ਲਈ

ਸਾਡੀਆਂ ਤਿਆਰੀਆਂ ਦਾ ਲੇਖਾ ਜੋਖਾ ਕਰਨ ਦੀ ਲੋੜ ਹੈ !

ਔਰਤ ਸੂਤਰਧਾਰ : ਨਾਸਾ ਵਿਗਿਆਨੀਆਂ ਅਨੁਸਾਰ (NASA), ਧਰਤ ਗ੍ਰਹਿ ਦੀ ਸਤ੍ਹਾ ਦਾ ਔਸਤ ਤਾਪਮਾਨ ਪਿਛਲੀ ਸਦੀ ਦੇ ਮੁਕਾਬਲੇ, ਇਕ ਡਿਗਰੀ ਸੈਲਸੀਅਸ ਤੋਂ ਥੋੜ੍ਹਾ ਜ਼ਿਆਦਾ ਵਧ ਗਿਆ ਹੈ...! ਤਾਪਮਾਨ ਦੇ ਇਸ ਵਾਧੇ ਨੂੰ ਠੱਲ੍ਹ ਪਾਉਣ ਦੇ ਲਈ ਕਈ ਯਤਨ ਕੀਤੇ ਜਾ ਰਹੇ ਹਨ ਜਿਨ੍ਹਾਂ ਦਾ ਲੇਖਾ ਜੋਖਾ ਕਰਨ ਦੀ ਗੱਲ ਹੋਈ ਸੀ !

ਮਰਦ ਸੂਤਰਧਾਰ : ਗੱਲ ਕੀਤੀ ਸੀ ਕਿ ਵੱਧਦੇ ਤਾਪਮਾਨ ਨੂੰ ਰੋਕਨ ਲਈ ਜਿੱਥੇ ਇੱਕ ਪਾਸੇ ਹਰਿਤ ਘਰ ਗੈਸਾਂ ਦਾ ਉਸਰਜਨ ਘਟਾਉਣ ਦੇ ਯਤਨਾਂ ‘ਤੇ ਨਜਰਸਾਨੀ ਦੀ ਲੋੜ ਹੈ ਉਥੇ ਹੀ ਸਾਡੀ ਲੋੜ ਹੈ ਕਿ ਇਸ ਅਨੁਸਾਰ ਆਪਣੇ ਆਪ ਨੂੰ ਢਾਲਣ ਅਤੇ ਜੀਵਣ ਸ਼ੈਲੀ ਬਦਲਣ ਦੇ ਯਤਨਾਂ ਦਾ ਵੀ ਜਾਇਜਾ ਲਿਆ ਜਾਵੇ !

ਔਰਤ ਸੂਤਰਧਾਰ: ਗੱਲ ਹੋਈ ਸੀ ਕਿ ਇਹ ਯਤਨ ਸ਼ਹਿਰੀ ਖੇਤਰ ਵਿੱਚ ਜਿੱਥੇ ਸਾਂਝੀਵਾਲਤਾ ਵੱਲ ਵਧ ਕੇ ਕਾਰ ਪੂਲਿੰਗ ਆਦਿ ਦੇ ਨਾਲ ਊਰਜਾ ਬਚਾਉਣ ਵਾਲੇ ਉਪਕਰਨ ਵਰਤਨ , ਜਦ ਲੋੜ ਨਾ ਹੋਵੇ ਉਦੋਂ ਬਿਜਲੀ ਦੇ ਸਵਿਚ ਬੰਦ ਕਰਨ ਆਦਿ ਨਾਲ ਸਬੰਧਤ ਹਨ ਉਥੇ ਪਿੰਡਾਂ ਵਾਸਤੇ ਵੱਖਰੇ ਕਿਸਮ ਦੇ ਯਤਨਾਂ ਦੀ ਲੋੜ ਹੈ !

ਮਰਦ ਸੂਤਰਧਾਰ : ਸੁਣਾ ਦਿੱਤਾ ਸੀ ਕਿੱਸਾ ਕਿ ਗੈਰ ਰਵਾਇਤੀ ਊਰਜਾ ਦੇ ਵਿਕਾਸ ਲਈ ਭਾਰਤ ਨੇ ਇੱਕ ਯੁੱਧਨੀਤਕ ਚਾਲ ਤਹਿ ਕੀਤੀ ਹੈ ਅਤੇ ਇੱਕ ਰਾਸਟਰੀ ਸੌਰ ਊਰਜਾ ਮਿਸ਼ਨ ਸਥਾਪਿਤ ਕੀਤਾ ਹੈ !

ਔਰਤ ਸੂਤਰਧਾਰ: ਸਾਨੂੰ ਇਹ ਵੀ ਪਤਾ ਚੱਲਿਆ ਸੀ ਕਿ ਪਿਛਲੇ ਦੋ ਦਹਾਕਿਆਂ ਵਿੱਚ ਹੀ ਕੁਦਰਤੀ ਆਫਤਾਂ ਨਾਲ ਛੇ ਲੱਖ ਮੌਤਾਂ ਹੋ ਗਈਆਂ ਹਨ ਅਤੇ ਅਗਲੇ ਦੋ ਦਹਾਕਿਆਂ ਵਿੱਚ ਉਤਰੀ ਧਰੁਵ ਦੀ ਬਰਫਾਨੀ ਚੋਟੀ ਪਿਘਲ ਜਾਵੇਗੀ, ਸਾਲ 2018 ਵਿੱਚ ਕਾਰਬਨ ਡਾਈ ਅਕਸਾਈਡ ਦਾ ਉਤਸਰਜਨ ਸੱਭ ਤੋਂ ਵੱਧ ਰਿਹਾ ਹੈ, ਜਿਸ ਦੀ ਪੇਸ਼ਬੰਦੀ ਕਰਨ ਦੀ ਲੋੜ ਹੈ !

ਮਰਦ ਸੂਤਰਧਾਰ : ਗੱਲ ਹੋਈ ਸੀ ਕਿ ਸੰਸਾਰ ਬੈਂਕ ਦੀ ਇੱਕ ਰਿਪੋਰਟ ਅਨੁਸਾਰ ਵਾਤਾਵਰਣ ਬਦਲਾਓ ਛੇ ਕਰੋੜ ਭਾਰਤੀਆਂ ਦੇ ਜੀਵਣ ਨੂੰ ਪ੍ਰਭਾਵਤ ਕਰੇਗਾ!ਬੇਸ਼ੱਕ ਭਾਰਤ ਸੰਸਾਰ ਦੇ ਕਾਰਬਨ ਉਤਸਰਜਨ ਦੇ ਕੇਵਲ 5% ਲਈ ਹੀ ਜਿੰਮੇਵਾਰ ਹੈ ਅਤੇ ਪ੍ਰਤੀ ਵਿਅਕਤੀ ਉਤਸਰਜਨ ਸੰਸਾਰ ਦੇ ਮੁਕਾਬਲੇ 70% ਘੱਟ ਹੈ ਤੇ ਅਮਰੀਕਾ ਦੇ ਮੁਕਾਬਲੇ 93% ਘੱਟ ਹੈ ਤਾਂ ਵੀ ਭਾਰਤ ਆਈ ਪੀ ਸੀ ਸੀ ਨਾਲ ਪੂਰਨ ਸਹਿਯੋਗ ਕਰਕੇ ਇਸ ਉਸਰਜਨ ਨੂੰ ਹੋਰ ਜਿਆਦਾ ਘਟਾਉਣ ਦੇ ਯਤਨਾਂ ਵਿੱਚ ਲੱਗਿਆ ਹੋਇਆ ਹੈ!

ਔਰਤ ਸੂਤਰਧਾਰ: ਸੁਣਾਈ ਸੀ ਕਹਾਣੀ ਕਿ ਭਾਰਤ ਵਿਚ ਖੇਤੀ ਖੋਜ ਸੰਸਥਾਵਾਂ ਵੱਲੋਂ ਅਜਿਹੀਆਂ ਕਿਸਮਾਂ ਦੀ ਖੋਜ ਦੀ

ਲੋੜ ਹੈ ਜੋ ਪ੍ਰਤੀਕੂਲ ਜਲਵਾਯੂ ਪਰਿਸਥਿਤੀਆਂ ਦਾ ਸਾਹਮਣਾ ਕਰਦੇ ਹੋਏ ਦੇਸ਼ ਵਿਚ ਅੰਨ ਦੀ ਮੰਗ ਨੂੰ ਪੂਰਾ ਕਰਨ ਦੇ ਸਮਰੱਥ ਹੋਣ !

**ਮਰਦ ਸੂਤਰਧਾਰ :** ਜਲਵਾਯੂ ਪਰਿਵਰਤਨ 'ਤੇ ਭਾਰਤ ਦੀ ਰਾਸ਼ਟਰੀ ਕਾਰਜ ਯੋਜਨਾ ਇਸ ਉਦੇਸ਼ ਵਾਸਤੇ ਖੁਸ਼ਕ ਖੇਤੀ, ਜ਼ੋਖਮ ਪ੍ਰਬੰਧਨ, ਸੂਚਨਾ ਤਕ ਪਹੁੰਚ, ਜੈਵ ਤਕਨੀਕੀ ਦਾ ਉਪਯੋਗ ਉਪਰ ਕੰਮ ਕਰ ਰਹੀ ਹੈ !

**ਔਰਤ ਸੂਤਰਧਾਰ:** ਹੋਈ ਸੀ ਚਰਚਾ ਕਿ ਸਾਨੂੰ ਸੰਸਾਧਨਾਂ ਦੀ ਦੁਰਵਰਤੋਂ ਨੂੰ ਰੋਕਨਾ ਪਵੇਗਾ , ਬਿਮਾਰੀਆਂ ਤੇ ਕਾਬੂ ਪਾਉਣ ਵਾਸਤੇ 'ਤੇ ਨਵੀਂਆਂ ਬਿਮਾਰੀਆਂ ਨੂੰ ਪਨਪਨ ਤੋਂ ਰੋਕਨ ਵਾਸਤੇ ਵੀ ਸਾਨੂੰ ਪਰਿਆਵਰਣ ਬਚਾਉਣ ਵੱਲ ਜਿਆਦਾ ਧਿਆਨ ਦੇਣਾ ਪਵੇਗਾ ਤਾ ਕਿ ਪਿੰਡਾਂ ਦੀ ਆਰਥਕਤਾ ਤੇ ਸਮਾਜਿਕ ਤਾਣਾ ਬਾਣਾ ਬਚਾਇਆ ਜਾ ਸਕੇ ਇਸ ਲਈ ਕਿ ਦੇਸ਼ ਬਚ ਸਕੇ !

**ਮਰਦ ਸੂਤਰਧਾਰ:** ਭਾਰਤ ਆਪਣੇ ਪੱਧਰ 'ਤੇ ਹਰ ਤਰ੍ਹਾਂ ਯਤਨਸ਼ੀਲ ਹੈ ਪਰ ਸੰਸਾਰ ਵਿੱਚ ਅਮਰੀਕਾ ਦਾ ਰਵੱਈਆ ਅਜੇ ਵੀ ਇਨ੍ਹਾਂ ਤਿਆਰੀਆਂ ਵਿੱਚ ਇੱਕ ਅੜਿਕਾ ਹੈ ਜਦ ਕਿ ਕਾਰਬਨ ਡਾਈ ਅਕਸਾਈਡ ਉਤਸਰਜਨ ਘਟਾਉਣ ਵਾਸਤੇ ਇਨ੍ਹਾਂ ਅਮੀਰ ਮੁਲਕਾਂ ਦੀ ਅੰਤਰ ਰਾਸਟਰੀ ਸਹਿਮਤੀਆਂ ਅਨੁਸਾਰ ਜਿੰਮੇਵਾਰੀ ਹੈ ਕਿ ਇਹ ਤੀਜੀ ਦੁਨੀਆਂ ਦੇ ਮੁਲਕਾਂ ਦੀ ਇਸ ਦਿਸ਼ਾ ਵਿੱਚ ਲਏ ਜਾਣ ਵਾਲੇ ਕਦਮਾਂ ਤੇ ਬਦਲਾਵਾਂ ਦੇ ਵਾਸਤੇ ਨਿਰਧਾਰਤ ਵਿਤੀ ਸਹਾਇਤਾ ਬਿਨਾ ਕਿਸੇ ਝਿਜਕ ਦੇ ਯਕੀਨੀ ਬਣਾਉਣ !

**ਪ੍ਰਸ਼ਨ ਜੋ ਹੋ ਸਕਦੇ ਹਨ, ਜਿਨ੍ਹਾਂ ਦੇ ਜਵਾਬ ਦੇਣ ਦੀ ਲੋੜ ਹੈ!**

1. ਜਲਵਾਯੂ ਬਦਲਾਅ ਦੇ ਕਾਰਨ ਗਰਮੀਆਂ , ਸਰਦੀਆਂ, ਵਰਖਾ ਤੇ ਹਨੇਰੀਆਂ ਦੇ ਮਿਜਾਜ 'ਤੇ ਕਿਉਂ ਪਿਆ ਹੈ ਪ੍ਰਭਾਵ ?

2. ਜਲਵਾਯੂ ਬਦਲਾਅ ਕਾਰਨ ਹੜ੍ਹਾਂ ਤੇ ਲੂਅ ਅਤੇ ਹਨੇਰੀਆਂ ਦੇ ਪਿਛੇ ਵਿਗਿਆਨ ਕਿਵੇਂ ਕੰਮ ਕਰਦੀ ਹੈ ਤੇ ਇਨ੍ਹਾਂ ਅਲਾਮਤਾਂ ਦੀ ਪਿਛਲੇ ਦਹਾਕੇ ਵਿੱਚ ਭਾਰਤ ਵਿੱਚ ਕੀ ਸਥਿਤੀ ਰਹੀ ਤੇ ਕਿੰਨਾ ਕੁ ਜਾਨੀ ਮਾਲੀ ਨੁਕਸਾਨ ਹੋਇਆ ?

3. ਜਲਵਾਯੂ ਬਦਲਾਅ ਨਾਲ ਮੌਸਮਾਂ ਵਿੱਚ ਆਏ ਬਦਲਾਵਾਂ ਦੇ ਕੀ ਪਏ ਪ੍ਰਭਾਵ ਸਾਡੇ ਅਰਥਚਾਰੇ, ਭੋਜਨ ਉਤਪਾਦਕਤਾ ਅਤੇ ਭੋਜਨ ਸੁਰੱਖਿਆ 'ਤੇ ?

4. ਜਲਵਾਯੂ ਬਦਲਾਅ ਦੇ ਕਾਰਨ ਬਦਲਦੇ ਮੌਸਮਾਂ ਦਾ ਸੇਬਾਂ ਦੀ ਫਸਲ 'ਤੇ ਪਏ ਪ੍ਰਭਾਵ ਪਿਛੇ ਕੀ ਹੈ ਵਿਗਿਆਨ ?

5. ਜਲਵਾਯੂ ਬਦਲਾਅ ਦੇ ਕਾਰਨ ਮੌਸਮਾਂ ਦੀ ਤਬਦੀਲੀ ਕਿਹੜੇ ਵਰਗਾਂ ਨੂੰ ਸਭ ਤੋਂ ਵੱਧ ਪ੍ਰਭਾਵਤ ਕਰਦੀ ਹੈ ਤੇ ਕਿਉਂ ?

6. ਜਲਵਾਯੂ ਬਦਲਾਅ ਦਾ ਜੈਵਿਕ ਵੰਨ - ਸੁਵੰਨਤਾ 'ਤੇ ਕੀ ਪੈਂਦਾ ਹੈ ਪ੍ਰਭਾਵ ?

7. ਹਰਿਤ ਊਰਜਾ ਤੋਂ ਕੀ ਭਾਵ ਹੈ ਤੇ ਇਸ ਪਿੱਛੇ ਵਿਗਿਆਨ ਦੇ ਕਿਹੜੇ ਸਿਧਾਂਤ ਕੰਮ ਕਰਦੇ ਹਨ ?

8. ਧੁਰ ਦੁਰਾਡੇ ਪਿੰਡਾਂ ਬਸਤੀਆਂ ਆਦਿ ਵਿੱਚ ਬਿਜਲੀ ਪਹੁੰਚਾਉਣ ਦੇ ਲਈ ਕਿਹੜੇ ਸ੍ਰੋਤ ਹਨ ਜਿਨ੍ਹਾਂ ਰਾਹੀਂ ਬੇ-ਰੋਕ ਟੋਕ ਬਿਜਲੀ ਉਪਲਬਧ ਕਰਵਾਈ ਜਾ ਸਕੇ ?

9. ਬਸਤੀਆਂ ਤੇ ਪਿੰਡਾਂ ਵਿੱਚ ਬਿਜਲੀਕਰਨ ਨਾਲ ਉਨ੍ਹਾਂ ਦੇ ਜੀਵਣ ਅਤੇ ਵਿਕਾਸ 'ਤੇ ਕੀ ਪੈਂਦੇ ਨੇ ਪ੍ਰਭਾਵ ਅਤੇ ਇਸ ਬਾਬਤ ਸਰਕਾਰੀ ਅੰਕੜਿਆਂ ਅਤੇ ਹਕੀਕਤ ਵਿੱਚ ਮੇਲ ਨਾ ਖਾਣ ਦੇ ਕੀ ਨੇ ਕਾਰਨ ?

10. ਪਥਰਾਹਟੀ ਈਂਧਣਾਂ ਤੋਂ ਬਿਜਲੀ ਉਤਪਾਦਨ ਦੇ ਤੇ ਊਰਜਾ ਪ੍ਰਾਪਤ ਕਰਨ ਤੋਂ ਗੁਰੇਜ ਕਰਨ ਦੀ ਕਿਉਂ ਹੈ ਲੋੜ ?

11. ਊਰਜਾ ਦੇ ਗੈਰ ਰਵਾਇਤੀ ਸੰਸਾਧਨਾਂ ਪਿਛੇ ਵਿਗਿਆਨ ਦੇ ਕਿਹੜੇ ਨੇ ਨਿਯਮ ?

12. ਪ੍ਰਮਾਣੂ ਊਰਜਾ ਦੇ ਖਰਚਿਆਂ, ਈਂਧਨ, ਹਾਦਸਿਆਂ ਤੇ ਇਸਦੀ ਰਹਿੰਦ-ਖੂੰਹਦ ਦੇ ਨਿਪਟਾਰੇ ਬਾਬਤ ਕੀ ਨੇ ਤੱਥ ?

13. ਸੌਰ ਊਰਜਾ ਵਿੱਚ ਬੈਟਰੀਆਂ ਦੀ ਵਰਤੋਂ, ਉਨ੍ਹਾਂ ਦੇ ਸੁਰੱਖਿਅਤ ਨਿਪਟਾਰੇ ਅਤੇ ਬੈਟਰੀਆਂ ਦੀ ਲੋੜ ਖਤਮ ਕਰਨ ਦੇ ਉਪਾਅ ਬਾਬਤ ਕੀ ਯਤਨ ਕੀਤੇ ਜਾ ਰਹੇ ਹਨ ?

14. ਦੋਹਰੀ ਗਰਿਡ ਪ੍ਰਣਾਲੀ ਕੀ ਹੈ ਅਤੇ ਇਸਦਾ ਵਿਗਿਆਨ ਕੀ ਹੈ ?

15. ਭਵਿਖੀ ਊਰਜਾ ਦੇ ਕੀ ਨੇ ਸੰਭਾਵੀ ਸ੍ਰੋਤ ਅਤੇ ਉਨ੍ਹਾਂ ਦਾ ਜਲਵਾਯੂ ਉਪਰ ਕੀ ਪਵੇਗਾ ਪ੍ਰਭਾਵ ?

16. ਭਾਰਤ ਦੇ ਕਿਹੜੇ - ਕਿਹੜੇ ਨੇ ਯਤਨ ਸਾਫ ਊਰਜਾ ਪ੍ਰਾਪਤੀ ਦੇ ਲਈ ?

17. ਪੰਜਾਬ ਦੇ ਲਘੂ ਪਣ ਬਿਜਲੀ ਘਰਾਂ ਅਤੇ ਜੈਵ ਈਂਧਨ ਬਿਜਲੀ ਘਰਾਂ ਦੀ ਸਥਿਤੀ ਕੀ ਹੈ ?

18. ਜਲਵਾਯੂ ਬਦਲਾਅ ਨੂੰ ਠੱਲ੍ਹ ਪਾਉਣ ਵਾਸਤੇ ਅੰਤਰ ਰਾਸਟਰੀ ਯਤਨ ਕੀ ਕੀ ਹਨ ?

19. ਜਲਵਾਯੂ ਬਦਲਾਅ ਤੇ ਆਲਮੀ ਤਪਸ਼ ਨੂੰ ਘੱਟ ਕਰਨ ਵਾਸਤੇ ਭਾਰਤ ਦਾ ਯੋਗਦਾਨ ਕੀ ਹੈ ?

20. ਵਾਤਾਵਰਣ ਦੇ ਪ੍ਰਦੂਸ਼ਣ ਵਾਸਤੇ ਵੱਖ ਵੱਖ ਦੇਸਾਂ ਦਾ ਕਿੰਨਾ ਕੁ ਹੈ ਹਿੱਸਾ ?

21. ਅਮਰੀਕਾ ਵਿੱਚ ਪ੍ਰਤੀ ਵਿਅਕਤੀ ਪ੍ਰਦੂਸ਼ਣ ਭਾਰਤ ਦੁ ਮੁਕਾਬਲੇ ਕਿੰਨਾ ਕੁ ਹੈ ਤੇ ਅੰਤਰ ਦੇ ਕੀ ਨੇ ਕਾਰਨ ?

22. ਪ੍ਰਦੂਸ਼ਣ ਕਾਰਨ ਹੋ ਰਹੇ ਜਲਵਾਯੂ ਬਦਲਾਅ ਦੇ ਪ੍ਰਭਾਵ ਘਟਾਉਣ ਵਾਸਤੇ ਕੀ ਹੋ ਰਹੇ ਨੇ ਯਤਨ ?

23. ਜਲਵਾਯੂ ਬਦਲਾਅ ਦਾ ਮੁਕਾਬਲਾ ਕਰਨ ਵਾਸਤੇ ਖੇਤੀ ਬਾੜੀ ਵਿੱਚ ਕਿਹੜੇ ਬਦਲਾਅ ਕੀਤੇ ਜਾ ਸਕਦੇ ਹਨ ਤੇ ਕਿਉਂ ਕਰਨੇ ਬਣਦੇ ਹਨ ?

24. ਜਲਵਾਯੂ ਬਦਲਾਅ ਦਾ ਮਨੁਖੀ ਸਰੀਰ ਅਤੇ ਸਿਹਤ ਤੇ ਪ੍ਰਭਾਵ ਕਿਵੇਂ ਪੈਂਦਾ ਹੈ ?

25. ਜਲਵਾਯੂ ਬਦਲਾਅ ਕਾਰਨ ਬਿਮਾਰੀਆਂ ਵਿੱਚ ਕੀ ਆਉਂਦੇ ਨੇ ਬਦਲਾਅ ਅਤੇ ਉਂਾਂ ਦੇ ਉਪਚਾਰ , ਰੋਕ ਥਾਮ ਲਈ ਕੀ ਕੀਤੇ ਜਾ ਰਹੇ ਨੇ ਉਪਚਾਰ ?

26. ਅਸੀਂ ਕਿੰਨੇ ਕੁ ਤਿਆਰ ਹਾਂ ਬਦਲਦੀਆਂ ਫਿਜ਼ਾਵਾਂ ਦਾ ਮੁਕਾਬਲਾ ਕਰਨ ਦੇ ਲਈ ?